:

# ਦਫ਼ਤਰ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) -ਕਮ- ਜ਼ਿਲ੍ਹਾ ਪ੍ਰੋਜੈਕਟ ਡਾਇਰੈਕਟਰ, ਸਮੱਗਰਾ ਸਿੱਖਿਆ ਅਭਿਆਨ, ਬਠਿੰਡਾ

E-Mail id: dpobathinda@gmail.com Tel: 0164-2217295

ਵੱਲ

ਸਮੂਹ ਬੀ.ਪੀ.ਈ.ਓਜ਼.,
ਜਿਲ੍ਹਾ ਬਠਿੰਡਾ।

ਪੱਤਰ ਨੰ:- ਸਸਅ/ਵਰਦੀਆਂ / 2026-27 /2571

ਮਿਤੀ ਬਠਿੰਡਾ: 17.06.2026

ਵਿਸ਼ਾ- ਸਾਲ 2026-27 ਦੌਰਾਨ ਸਮੱਗਰਾ ਸਿੱਖਿਆ ਅਭਿਆਨ ਅਧੀਨ ਸਰਕਾਰੀ ਸਕੂਲਾਂ ਵਿੱਚ ਪਹਿਲੀ ਤੋਂ ਅੱਠਵੀਂ ਜਮਾਤ ਵਿੱਚ ਪੜ੍ਹਦੀਆਂ ਸਮੂਹ ਲੜਕੀਆਂ ਅਤੇ ਐਸ.ਸੀ./ਐਸ.ਟੀ./ਬੀ.ਪੀ.ਐਲ. ਲੜਕਿਆਂ ਨੂੰ ਮੁਫਤ ਵਰਦੀਆਂ ਮੁਹੱਈਆ ਕਰਵਾਉਣ ਸਬੰਧੀ।

ਹਵਾਲਾ- ਮੁਖ ਦਫਤਰ ਦੇ ਮੀਮੋ ਨੰਬਰ SSA/Uniform/2026/136653 ਮਿਤੀ 15.05.2026 ਅਤੇ SSA/Uniform/2026/162097 ਮਿਤੀ 12.06.2026

ਵਿਸ਼ਾ ਅੰਕਿਤ ਅਤੇ ਹਵਾਲਾ ਅਧੀਨ ਸਾਲ 2026-27 ਦੌਰਾਨ ਸਮੱਗਰਾ ਸਿੱਖਿਆ ਅਭਿਆਨ ਅਧੀਨ ਸਰਕਾਰੀ ਸਕੂਲਾਂ ਵਿੱਚ ਪਹਿਲੀ ਤੋਂ ਅੱਠਵੀਂ ਜਮਾਤ ਵਿੱਚ ਪੜ੍ਹਦੀਆਂ ਸਮੂਹ ਲੜਕੀਆਂ ਅਤੇ ਐਸ.ਸੀ./ਐਸ.ਟੀ./ਬੀ.ਪੀ.ਐਲ. ਲੜਕਿਆਂ ਨੂੰ ਮੁਫਤ ਵਰਦੀਆਂ ਮੁਹੱਈਆ ਕਰਵਾਉਣ ਲਈ ਫੰਡ ਜਾਰੀ ਕੀਤੇ ਗਏ ਸਨ ਅਤੇ ਵਰਦੀਆਂ ਦੀ ਵੰਡ ਕਰਕੇ 15 ਦਿਨਾਂ ਦੇ ਅੰਦਰ ਵਰਤੋਂ ਸਰਟੀਫਿਕੇਟ ਭੇਜਣ ਸਬੰਧੀ ਲਿਖਿਆ ਗਿਆ ਸੀ।

ਆਪ ਨੂੰ ਇਸ ਪੱਤਰ ਰਾਹੀਂ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਦੇ ਬਲਾਕ ਅਧੀਨ ਆਉਂਦੇ ਸਕੂਲਾਂ ਵਿੱਚ ਵਰਦੀਆਂ ਦੀ ਵੰਡ ਤੁਰੰਤ ਮੁਕੰਮਲ ਕਰਵਾਈ ਜਾਵੇ ਅਤੇ ਵਰਤੋਂ ਸਰਟੀਫਿਕੇਟ ਨਿਮਨਹਸਤਾਖਰੀ ਦੇ ਦਫਤਰ ਵਿਖੇ ਭੇਜਣਾ ਯਕੀਨੀ ਬਣਾਇਆ ਜਾਵੇ।

17/6/26

ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) -ਕਮ-,
ਜਿਲ੍ਹਾ ਪ੍ਰੋਜੈਕਟ ਡਾਇਰੈਕਟਰ,
ਸਮੱਗਰਾ ਸਿੱਖਿਆ ਅਭਿਆਨ,
ਬਠਿੰਡਾ।

**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟਰ ਡਾਇਰੈਕਟਰ**
**ਸਮੱਗਰਾ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)**
**ਪੀ.ਐਸ.ਈ.ਬੀ. ਕੰਪਲੈਕਸ, ਈ-ਬਲਾਕ, 5ਵੀਂ ਮੰਜ਼ਿਲ, ਫੇਜ਼-8, ਐਸ.ਏ.ਐਸ ਨਗਰ (ਮੋਹਾਲੀ), ਪੰਜਾਬ**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ.)

ਮੀਮੋ ਨੰ: SSA/Uniform/2026/162097 ਮਿਤੀ: 12.06.2026

**ਵਿਸ਼ਾ:- ਸਾਲ 2026-27 ਦੌਰਾਨ ਸਮੱਗਰ ਸਿੱਖਿਆ ਅਭਿਆਨ ਤਹਿਤ ਸਰਕਾਰੀ ਸਕੂਲਾਂ ਵਿੱਚ 1-8 ਜਮਾਤਾਂ ਵਿੱਚ ਪੜ੍ਹਦੀਆਂ ਸਮੂਹ ਲੜਕੀਆਂ (Girls) ਅਤੇ SC/ST/BPL ਲੜਕਿਆਂ (Boys) ਨੂੰ ਮੁਫਤ ਵਰਦੀਆਂ ਮੁਹੱਈਆਂ ਕਰਵਾਉਣ ਸਬੰਧੀ।**

**ਹਵਾਲਾ:-ਇਸ ਦਫਤਰ ਦਾ ਪੱਤਰ ਨੰ: SSA/Uniform/2026/136653 ਮਿਤੀ: 15.05.2026।**

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਪੱਤਰ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਸਾਲ 2026-27 ਦੌਰਾਨ ਸਮੱਗਰ ਸਿੱਖਿਆ ਅਭਿਆਨ ਤਹਿਤ ਸਰਕਾਰੀ ਸਕੂਲਾਂ ਵਿੱਚ ਵੰਡੀ ਜਾਣ ਵਾਲੀ ਵਰਦੀ ਲਈ ਦਿਸ਼ਾ-ਨਿਰਦੇਸ਼ ਅਤੇ ਫੰਡ ਆਪ ਜੀ ਨੂੰ ਜਾਰੀ ਕੀਤੇ ਜਾ ਚੁੱਕੇ ਹਨ। ਹਵਾਲਾ ਪੱਤਰ ਰਾਹੀਂ ਆਪ ਨੂੰ ਲਿਖਿਆ ਗਿਆ ਸੀ ਕਿ ਵਰਦੀਆਂ ਦੀ ਵੰਡ ਫੰਡ ਜਾਰੀ ਹੋਣ ਤੋਂ 15 ਦਿਨ ਦੇ ਅੰਦਰ-ਅੰਦਰ ਮੁਕੰਮਲ ਕੀਤੀ ਜਾਵੇ।

3.0 ਇਸ ਪੱਤਰ ਰਾਹੀਂ ਆਪ ਜੀ ਨੂੰ ਮੁੜ ਤੋਂ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਦੇ ਜ਼ਿਲ੍ਹੇ ਦੇ ਸਕੂਲਾਂ ਵਿੱਚ ਵਰਦੀਆਂ ਦੀ ਵੰਡ ਤੁਰੰਤ ਮੁਕੰਮਲ ਕਰਵਾਈ ਜਾਵੇ ਅਤੇ ਵਰਤੋਂ ਸਰਟੀਫਿਕੇਟ ਮੁੱਖ ਦਫਤਰ ਨੂੰ ਭੇਜੇ ਜਾਣ। ਇਸ ਦੇ ਨਾਲ ਹੀ ਵਾਧੂ ਬਚਦੀ ਅਣਵਰਤੀ ਗ੍ਰਾਂਟ ਮੁੱਖ ਦਫਤਰ ਨੂੰ ਵਾਪਿਸ ਭੇਜੀ ਜਾਵੇ।

**ਡਿਪਟੀ ਸਟੇਟ ਪ੍ਰਾਜੈਕਟ ਡਾਇਰੈਕਟਰ**
**ਸਮੱਗਰ ਸਿੱਖਿਆ ਅਭਿਆਨ**
**ਪੰਜਾਬ**